ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Personal Loan Business Loan Home Line of Credit 905-965-4644
12 Beds, 7 Baths For 24 Guests 905-965-4644
ਮਰਦਾਨਾ ਕਮਜ਼ੋਰੀ 416-992-5489
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100

ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

ਭਵਿੱਖ ਤਰਾਜ਼ੂ 'ਚ ਲਟਕਿਆ ਹੋਇਆ ਹੈ। ਕਿਸੇ ਇੱਕ ਲੋੜ ਨੂੰ ਬਹੁਤ ਜ਼ਿਆਦਾ ਮਹੱਤਵ ਦਿਓਗੇ ਤਾਂ ਤੁਸੀਂ ਤੱਕੜੀ ਦਾ ਤਵਾਜ਼ਨ ਵਿਗਾੜ ਸਕਦੇ ਹੋ। ਜੇਕਰ ਤੁਸੀਂ ਕਿਸੇ ਹੋਰ ਵੱਖਰੀ, ਵਿਪਰੀਤ ਚੋਣ 'ਤੇ ਲੋੜੋਂ ਵੱਧ ਜ਼ੋਰ ਦਿੰਦੇ ਹੋ ਤਾਂ ਵੀ ਇਹੀ ਨਤੀਜਾ ਨਿਕਲੇਗਾ। ਹੁਣ ਤੁਹਾਡੀ ਜ਼ਿੰਦਗੀ 'ਚ ਇੱਕ ਪ੍ਰਬੰਧ ਅਜਿਹਾ ਹੈ ਜਿਸ ਦਾ ਸਾਰਾ ਸਰੋਕਾਰ ਕੰਮ ਕਰਨ ਨਾਲ ਤਾਅਲੁਕ ਰੱਖਦਾ ਹੈ। ਜੇਕਰ ਤੁਸੀਂ ਕੇਵਲ ਉਸ ਨੂੰ ਹੀ ਹੋਰ ਸੁਰੱਖਿਅਤ ਬਣਾ ਸਕਦੇ ਹੋ ਤਾਂ ਤੁਸੀਂ ਕਈ ਸੰਸਾਰਾਂ ਦੀਆਂ ਸਭ ਤੋਂ ਵਧੀਆ ਨੇਹਮਤਾਂ ਪ੍ਰਾਪਤ ਕਰ ਲਵੋਗੇ। ਪਰ ਤੁਸੀਂ ਇਸ ਨੂੰ ਪੂਰਾ ਕਿਵੇਂ ਕਰੋਗੇ ? ਇੱਕ ਡਰ ਦਾ ਡੱਟ ਕੇ ਸਾਹਮਣਾ ਕਰ ਕੇ, ਅਤੇ ਆਪਣੇ ਉਸ ਵਿਸ਼ਵਾਸ ਨੂੰ ਸੱਦਾ ਦੇ ਕੇ ਜਿਸ ਨੂੰ ਮਹਿਸੂਸ ਕਰਨ ਦੇ ਤੁਸੀਂ ਸਭ ਤੋਂ ਵੱਧ ਹੱਕਦਾਰ ਹੋ। ਉਸ ਚੀਜ਼ ਵੱਲ ਗ਼ੌਰ ਨਾਲ ਦੇਖੋ ਜਿਸ ਤੋਂ ਤੁਸੀਂ ਅਕਸਰ ਪਰ੍ਹੇ ਦੇਖਣਾ ਪਸੰਦ ਕਰਦੇ ਸੀ। ਉਸ ਤੋਂ ਬਾਅਦ, ਤੁਸੀਂ ਸਹੀ ਕਾਰਨਾਂ ਲਈ ਆਪਣਾ ਅਗਲਾ ਕਦਮ ਚੁੱਕ ਸਕੋਗੇ।

ਜ਼ਿੰਦਗੀ ਕਿੰਨੀ ਮੁਸ਼ਕਲ ਹੋਣੀ ਚਾਹੀਦੀ ਹੈ ? ਸਾਨੂੰ ਕਿੰਨੇ ਕੁ ਤਨਾਅ 'ਚੋਂ ਲੰਘਣ ਦੀ ਲੋੜ ਹੈ ? ਜੇਕਰ ਇਹ ਸਭ ਬਹੁਤ ਆਸਾਨ ਹੋ ਜਾਂਦਾ ਹੈ ਤਾਂ ਕੀ ਅਸੀਂ ਕਿਸੇ ਤਰ੍ਹਾਂ ਉਸ ਸ਼ਕਤੀ ਨੂੰ ਨਾਰਾਜ਼ ਕਰ ਰਹੇ ਹੋਵਾਂਗੇ ਜਿਸ ਨੇ ਸਾਨੂੰ ਇਸ ਗ੍ਰਹਿ 'ਤੇ ਸਜ਼ਾ ਦੇਣ ਲਈ ਹੀ ਭੇਜਿਆ ਹੈ ? ਸ਼ਾਇਦ ਅਸੀਂ ਇੱਥੇ ਸਜ਼ਾ ਭੁਗਤਣ ਲਈ ਹੀ ਆਏ ਹਾਂ। ਸ਼ਾਇਦ ਸਾਡੇ ਪਿਛਲੇ ਜਨਮ ਦੇ ਕੁੱਝ ਅਪਰਾਧ ਹਨ ਜਿਨ੍ਹਾਂ ਦਾ ਭੁਗਤਾਨ ਅਸੀਂ ਹਾਲੇ ਕਰਨਾ ਹੈ, ਅਤੇ ਸਾਨੂੰ ਆਪਣੇ ਰਾਹ 'ਚ ਆਉਣ ਵਾਲੀਆਂ ਸਾਰੀਆਂ ਮੁਸ਼ਕਿਲਾਂ ਨੂੰ ਕਰਤੱਵਪੂਰਣ ਢੰਗ ਨਾਲ ਸਵੀਕਾਰ ਕਰਨਾ ਪੈਣੈ। ਜੇਕਰ ਤੁਸੀਂ ਚਾਹੋ ਤਾਂ ਤੁਸੀਂ ਅਜਿਹੇ ਵਿਚਾਰ ਨਾਲ ਸਹਿਮਤ ਹੋ ਸਕਦੇ ਹੋ। ਪਰ ਜੇ ਤੁਸੀਂ ਅਜਿਹਾ ਕਰਦੇ ਹੋ ਤਾਂ ਤੁਸੀਂ ਅੱਜ ਆਪਣੀ ਜ਼ਿੰਦਗੀ 'ਚ ਇੱਕ ਛੋਟੀ ਜਿਹੀ ਤਬਦੀਲੀ ਲਿਆਉਣ ਅਤੇ ਉਸ ਨੂੰ ਇੱਕ ਵੱਡੇ ਨਤੀਜੇ ਵੱਲ ਲੈ ਕੇ ਜਾਣ ਦਾ ਮੌਕਾ ਗੁਆ ਬੈਠੋਗੇ।

ਤੁਸੀਂ ਦੂਸਰੇ ਲੋਕਾਂ ਲਈ ਉਨ੍ਹਾਂ ਦੀ ਜ਼ਿੰਦਗੀ ਨਹੀਂ ਜੀ ਸਕਦੇ। ਤੁਸੀਂ ਉਨ੍ਹਾਂ ਨੂੰ ਉਹ ਸਬਕ ਸਿੱਖਣ ਲਈ ਵੀ ਮਜਬੂਰ ਨਹੀਂ ਕਰ ਸਕਦੇ ਜਿਹੜੇ ਤੁਹਾਡੇ ਲਈ ਬਹੁਤ ਸਪੱਸ਼ਟ ਹੋ ਚੁੱਕੇ ਹਨ, ਭਾਵੇਂ ਤੁਹਾਨੂੰ ਇਸ ਗੱਲ ਬਾਰੇ ਕਿੰਨਾ ਵੀ ਯਕੀਨ ਕਿਓਂ ਨਾ ਹੋਵੇ ਕਿ ਇਸ ਨਾਲ ਉਨ੍ਹਾਂ ਨੂੰ ਕਾਫ਼ੀ ਮਦਦ ਮਿਲੇਗੀ। ਬੇਸ਼ੱਕ ਤੁਸੀਂ ਚਾਹੁੰਦੇ ਹੋ ਕਿ ਉਹ ਚੀਜ਼ਾਂ ਨੂੰ ਇੱਕ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਣ ਕਿਉਂਕਿ ਤੁਸੀਂ ਉਨ੍ਹਾਂ ਬਾਰੇ ਪਰਵਾਹ ਕਰਦੇ ਹੋ ਜਾਂ ਕਿਉਂਕਿ ਉਨ੍ਹਾਂ ਦਾ ਮੌਜੂਦਾ ਰੁਖ਼ ਤੁਹਾਡੇ ਲਈ ਬਹੁਤ ਅਸੁਵਿਧਾਜਨਕ ਸਾਬਿਤ ਹੋ ਰਿਹੈ – ਤੁਹਾਨੂੰ ਸਬਰ ਰੱਖਣਾ ਪੈਣੈ। ਅਤੇ ਦੂਜਿਆਂ ਨੂੰ ਵੀ ਤੁਹਾਨੂੰ ਇਸੇ ਤਰ੍ਹਾਂ ਦਾ ਸਤਿਕਾਰ ਦਿਖਾਉਣਾ ਚਾਹੀਦੈ। ਜਿੱਥੇ ਵੀ ਦਬਾਅ ਹੁੰਦੈ, ਉੱਥੇ ਹੀ ਉਸ ਨੂੰ ਘਟਾਉਣ ਦਾ ਇੱਕ ਤਰੀਕਾ ਵੀ ਹੁੰਦਾ ਹੈ – ਅਤੇ ਓਹੀ ਹੈ ਜੋ ਤੁਹਾਨੂੰ ਇਸ ਵਕਤ ਲੱਭਣ ਦੀ ਲੋੜ ਹੈ।

ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ-ਪੋਰੀਆਂ ਜੀ। ਇੰਝ ਹੀ ਅੰਗ੍ਰੇਜ਼ੀ ਦਾ ਵੀ ਇੱਕ ਮੁਹਾਵਰਾ ਹੈ, "Leopards don't change their spots" ਭਾਵ ਚੀਤੇ ਆਪਣੇ ਧੱਬੇ ਨਹੀਂ ਬਦਲਦੇ। ਸਪੱਸ਼ਟ ਤੌਰ 'ਤੇ, ਚੀਤਿਆਂ ਨੇ ਕਦੇ ਵੀ ਕੌਸਮੈਟਿਕ ਸਰਜਰੀ ਬਾਰੇ ਤਾਂ ਸੁਣਿਆ ਨਹੀਂ ਹੋਣਾ। ਜੇ ਚਾਹੁਣ ਤਾਂ ਉਹ ਆਪਣੇ ਧੱਬਿਆਂ ਨੂੰ ਪੇਂਟ ਕਰਵਾ ਸਕਦੇ ਹਨ ਜਾਂ ਫ਼ਿਰ ਉਨ੍ਹਾਂ ਨੂੰ ਧਾਰੀਆਂ 'ਚ ਵੀ ਬਦਲ ਸਕਦੇ ਨੇ। ਪਰ ਕੀ ਉਹ ਕਦੇ ਵੀ ਆਪਣੇ ਅੰਦਰੂਨੀ ਚੀਤੇ ਨੂੰ ਲੁਕਾ ਸਕਣਗੇ ? ਇਸ ਲਈ ਉਨ੍ਹਾਂ ਨੂੰ ਬਹੁਤ ਮਦਦ ਦੀ ਲੋੜ ਪਵੇਗੀ। ਅਤੇ ਇਸ ਸੰਸਾਰ 'ਚ ਬਹੁਤੇ ਵੈਟਰਨਰੀ ਮਨੋਚਿਕਿਤਸਕ ਵੀ ਮੌਜੂਦ ਨਹੀਂ। ਸੋ, ਹੁਣ ਆਪਣੀ ਜ਼ਿੰਦਗੀ 'ਚ, ਕੀ ਤੁਸੀਂ ਕਿਸੇ ਸਤਹੀ ਜਾਂ ਬੁਨਿਆਦੀ ਚੀਜ਼ ਨੂੰ ਬਦਲਣਾ ਚਾਹੁੰਦੇ ਹੋ ? ਤੁਸੀਂ ਉਪ੍ਰੋਕਤ ਦੋਹਾਂ ਚੀਜ਼ਾਂ 'ਚੋਂ ਜੋ ਵੀ ਕਰਨਾ ਚਾਹੋ, ਤੁਹਾਨੂੰ ਉਸ ਲਈ ਧੀਰਜ ਦੀ ਲੋੜ ਹੋਵੇਗੀ। ਚਮਤਕਾਰ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ, ਇਹ ਯਕੀਨੀ ਬਣਾ ਲਓ ਕਿ ਤੁਹਾਨੂੰ ਇੰਨਾ ਦੂਰ ਜਾਣ ਦੀ ਕੋਈ ਲੋੜ ਵੀ ਹੈ ?

ਇਹ ਤੁਹਾਡੀ ਮਾਨਸਿਕ ਸ਼ਕਤੀ ਦੀ ਪਰਖ ਕਰਨ ਦਾ ਸਮਾਂ ਹੈ। ਆਪਣੀ ਬੁੱਧੀ ਨੂੰ ਨਾ ਖਪਾਓ; ਬਸ ਹੇਠਾਂ ਦਿੱਤੇ ਸਵਾਲ ਦਾ ਜਲਦੀ ਨਾਲ ਜਵਾਬ ਦੇ ਦਿਓ। ਮੈਂ ਕਿੰਨੀਆਂ ਉਂਗਲਾਂ ਦਿਖਾ ਰਿਹਾਂ ? ਅਤੇ ਤੁਹਾਡਾ ਜਵਾਬ ਹੈ ? ਬਹੁਤ ਖ਼ੂਬ ! ਤੁਹਾਨੂੰ ਇਹ ਕਿਵੇਂ ਪਤਾ ਲੱਗਾ ? ਤੁਸੀਂ ਸ਼ਾਇਦ ਇਸ ਖ਼ੂਬੀ ਨਾਲ ਪੈਦਾ ਹੋਏ ਹੋਵੋਗੇ, ਅਤੇ ਆਪਣੀ ਪੂਰੀ ਜ਼ਿੰਦਗੀ ਤੁਸੀਂ ਇਸ ਦੀ ਵਰਤੋਂ ਦੇ ਮੌਕੇ ਦੀ ਉਡੀਕ ਕਰਦੇ ਰਹੇ ਹੋਵੋਗੇ। ਜਾਂ, ਫ਼ਿਰ, ਇਹ ਵੀ ਹੋ ਸਕਦੈ ਕਿ ਅਸੀਂ ਦੋਹਾਂ ਨੇ ਕਿਸੇ ਸਿੱਟੇ 'ਤੇ ਪਹੁੰਚਣ ਲਈ ਥੋੜ੍ਹੀ ਕਾਹਲ ਕੀਤੀ ਹੋਵੇ। ਤੁਹਾਡੀ ਜ਼ਿੰਦਗੀ ਵਿੱਚ, ਖ਼ਾਸ ਕਰ ਕੇ ਭਾਵਨਾਤਮਕ ਜ਼ਿੰਦਗੀ 'ਚ, ਇਹ ਮੰਨਣ ਦੀ ਪ੍ਰਵਿਰਤੀ ਹੈ ਕਿ ਸਭ ਕੁੱਝ ਜਾਦੂਈ ਢੰਗ ਨਾਲ ਹੋ ਸਕਦੈ। ਪਰ ਇੱਥੇ ਥੋੜ੍ਹੀ ਜਿਹੀ Commom Sense ਵਰਤਣਾ ਵੀ ਗ਼ਲਤ ਨਹੀਂ ਹੋਵੇਗਾ !

ਵ੍ਹਾਈਟ ਹਾਊਸ 'ਚ ਇੱਕ ਦਿਨ ਮਹਿਲਾ ਰਾਸ਼ਟਰਪਤੀ ਦੀ ਹੋਵੇਗੀ ਐਂਟਰੀ

ਵਾਸ਼ਿੰਗਟਨ: ਕਮਲਾ ਹੈਰਿਸ ਨੇ ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਦੌੜ 'ਚ ਦੁਬਾਰਾ ਸ਼ਾਮਿਲ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ। ਇੱਕ ਨਿਊਜ਼ ਚੈਨਲ ਨਾਲ ਇੱਕ ਇੰਟਰਵਿਊ 'ਚ ਹੈਰਿਸ ਨੇ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਆਉਣ ਵਾਲੇ ਸਾਲਾਂ 'ਚ ਇੱਕ ਔਰਤ ਰਾਸ਼ਟਰਪਤੀ ਬਣੇਗੀ ਅਤੇ ਸੰਭਵ ਤੌਰ 'ਤੇ ਉਹ ਹੋ ਸਕਦੀ ਹੈ। ਉਨ੍ਹਾਂ ਕਿਹਾ, "ਮੈਂ ਹੁਣ ਤਕ ਹਾਰ ਨਹੀਂ ਮੰਨੀ।" ਸਾਬਕਾ ਉਪ ਰਾਸ਼ਟਰਪਤੀ ਨੇ ਕਿਹਾ ਕਿ ਉਸ ਨੇ ਅਜੇ ਤਕ 2028 'ਚ ਰਾਸ਼ਟਰਪਤੀ ਅਹੁਦੇ ਲਈ ਚੋਣ ਲੜਨ ਬਾਰੇ ਕੋਈ ਫ਼ੈਸਲਾ ਨਹੀਂ ਲਿਆ, ਪਰ ਉਸ ਨੇ ਚਿੰਤਾਵਾਂ ਨੂੰ ਖ਼ਾਰਿਜ ਕਰ ਦਿੱਤਾ ਕਿ ਉਸ

ਨੂੰ ਮਹੱਤਵਪੂਰਣ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਹੈਰਿਸ ਨੇ ਕਿਹਾ, "ਮੈਂ ਆਪਣਾ ਪੂਰਾ ਕਰੀਅਰ ਸੇਵਾ ਦੀ ਭਾਵਨਾ ਨਾਲ ਜੀਵਿਆ ਹੈ, ਅਤੇ ਇਹ ਮੇਰੇ ਖ਼ੂਨ 'ਚ ਹੈ। ਸੇਵਾ ਕਰਨ ਦੇ ਬਹੁਤ ਸਾਰੇ ਤਰੀਕੇ ਹਨ। ਮੈਂ ਕਦੇ ਵੀ ਓਪੀਨੀਅਨ ਪੋਲ 'ਤ ਧਿਆਨ ਨਹੀਂ ਦਿੱਤਾ।" ਉਸ ਨੇ ਹਾਲ ਹੀ 'ਚ ਆਪਣੀ ਕਿਤਾਬ 107 ਡੇਜ਼ ਦੇ ਰਿਲੀਜ਼ ਹੋਣ ਤੋਂ ਬਾਅਦ ਕਈ ਇੰਟਰਵਿਊ ਦਿੱਤੇ। ਇਹ ਕਿਤਾਬ 2024 'ਚ ਡੈਮੋਕ੍ਰੈਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਹੈਰਿਸ ਦੇ ਤਜਰਬੇ 'ਤੇ ਕੇਂਦ੍ਰਿਤ ਹੈ ਕਿਉਂਕਿ ਉਸ ਸਮੇਂ ਦੇ ਰਾਸ਼ਟਰਪਤੀ ਜੋਅ ਬਾਇਡਨ ਦੌੜ ਤੋਂ ਬਾਹਰ ਹੋ ਗਏ ਸਨ। ਉਹ ਅੰਤ 'ਚ ਰੀਪਬਲੀਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੌਨਲਡ ਟਰੰਪ ਤੋਂ ਹਾਰ ਗਈ ਸੀ।ਪਿਛਲੇ ਹਫ਼ਤੇ ਐਸੋਸੀਏਟਿਡ ਪ੍ਰੈੱਸ ਨਾਲ ਇੱਕ ਇੰਟਰਵਿਊ 'ਚ 60 ਸਾਲਾ ਹੈਰਿਸ ਨੇ ਸਪੱਸ਼ਟ ਕੀਤਾ ਕਿ ਉਸ ਨੇ 2028 'ਚ ਦੁਬਾਰਾ ਚੋਣ ਲੜਨ ਦੇ ਵਿਚਾਰ ਨੂੰ ਨਹੀਂ ਤਿਆਗਿਆ। ਉਸ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਪਾਰਟੀ ਦੀ ਇੱਕ ਸਮਰਪਿਤ ਨੇਤਾ ਵਜੋਂ ਦੇਖਦੀ ਹੈ, ਅਤੇ 2026 ਦੀਆਂ ਮੱਧਕਾਲੀ ਚੋਣਾਂ ਲਈ ਪੂਰੀ ਮਿਹਨਤ ਨਾਲ ਤਿਆਰੀ ਕਰ ਰਹੀ ਹੈ।

Buy 1 2nd Free 905-565-0036
Lunch Buffet $13 905-565-0036
ਜਾਦੂ ਟੂਣੇ ਦੀ ਕਾਟ 1-604-961-6635
ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
ਦੰਦਾਂ ਦੀ ਦੇਖਭਾਲ 905-450-5600

ਅਮਰੀਕਾ 'ਚ ਐਂਟਰੀ-ਐਗਜ਼ਿਟ ਵੇਲੇ ਹਰ ਵਾਰ ਵਿਦੇਸ਼ੀਆਂ ਦੀ ਲਈ ਜਾਵੇਗੀ ਫ਼ੋਟੋ

ਵਾਸ਼ਿੰਗਟਨ: ਰਾਸ਼ਟਰਪਤੀ ਡੌਨਲਡ ਟਰੰਪ ਦੀ ਸਖਤ ਇਮੀਗ੍ਰੇਸ਼ਨ ਪੌਲਿਸੀ ਤਹਿਤ ਅਮਰੀਕਾ 'ਚ ਹੁਣ ਹਰ ਵਿਦੇਸ਼ੀ ਦੀ ਐਂਟਰੀ ਅਤੇ ਐਗਜ਼ਿਟ ਵੇਲੇ ਫ਼ੋਟੋ ਲਈ ਜਾਵੇਗੀ। ਇਹ ਕੰਮ ਨਵੀਂ ਫ਼ੇਸ ਰੈਕੋਗਨੀਸ਼ਨ ਤਕਨੀਕ ਨਾਲ ਹੋਵੇਗਾ। ਇਸ ਦਾ ਮਕਸਦ ਫ਼ਰਜ਼ੀ ਦਸਤਾਵੇਜ਼ਾਂ ਨੂੰ ਰੋਕਣਾ ਅਤੇ ਦੇਸ਼ ਨੂੰ ਸੁਰੱਖਿਅਤ ਰੱਖਣਾ ਹੈ। ਅਮਰੀਕੀ ਬਾਰਡਰ ਸੈਕਿਓਰਿਟੀ ਡਿਪਾਰਟਮੈਂਟ (CBP) ਨੇ ਦੱਸਿਆ ਕਿ ਹਵਾਈ ਅੱਡਿਆਂ, ਸਮੁੰਦਰੀ ਬੰਦਰਗਾਹਾਂ ਤੇ ਜ਼ਮੀਨੀ ਹੱਦਾਂ 'ਤੇ ਫ਼ੋਟੋਆਂ ਅਤੇ ਜਾਣਕਾਰੀ ਇਕੱਠੀ ਕੀਤੀ ਜਾਵੇਗੀ। CBP ਦਾ ਕਹਿਣਾ ਹੈ ਕਿ ਇਹ ਨਵਾਂ ਸਿਸਟਮ ਅਤਿਵਾਦ, ਫ਼ਰਜ਼ੀ ਦਸਤਾਵੇਜ਼, ਵੀਜ਼ਾ ਤੋਂ ਵੱਧ ਸਮਾਂ ਰੁਕਣ ਅਤੇ ਗ਼ਲਤ ਜਾਣਕਾਰੀ ਵਰਗੇ ਖ਼ਤਰਿਆਂ ਨਾਲ ਨਜਿੱਠੇਗਾ। ਇਹ ਨਿਯਮ ਸਾਰੇ ਗ਼ੈਰ-

ਨਾਗਰਿਕਾਂ 'ਤੇ ਲਾਗੂ ਹੋਵੇਗਾ, ਭਾਵੇਂ ਉਹ ਗ਼ੈਰ-ਕਾਨੂੰਨੀ ਪਰਵਾਸੀ ਹੋਣ ਜਾਂ ਗ੍ਰੀਨ ਕਾਰਡ ਧਾਰਕ।

ਇਹ ਨਿਯਮ 2021 'ਚ ਪਹਿਲੀ ਵਾਰ ਸੁਝਾਇਆ ਗਿਆ ਸੀ, ਪਰ ਹੁਣ ਇਹ ਟਰੰਪ ਸਰਕਾਰ ਦੀ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਦੀ ਵੱਡੀ ਯੋਜਨਾ ਦਾ ਹਿੱਸਾ ਹੈ। ਕੁੱਝ ਮਾਹਿਰਾਂ ਨੇ ਚਿੰਤਾ ਪ੍ਰਗਟ ਕੀਤੀ ਹੈ ਕਿ ਹੋਮਲੈਂਡ ਸੈਕਿਓਰਿਟੀ ਡਿਪਾਰਟਮੈਂਟ ਸੋਸ਼ਲ ਸੈਕਿਓਰਿਟੀ ਅਤੇ ਟੈਕਸ ਡਿਪਾਰਟਮੈਂਟ ਤੋਂ ਜ਼ਿਆਦਾ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ।

ਇਹ ਨਿਯਮ 26 ਦਸੰਬਰ ਤੋਂ ਸ਼ੁਰੂ ਹੋਣਗੇ। ਇਨ੍ਹਾਂ ਤਹਿਤ ਬਾਰਡਰ 'ਤੇ ਗ਼ੈਰ-ਨਾਗਰਿਕਾਂ ਵਲੋਂ ਦੇਸ਼ ਛੱਡਣ 'ਤੇ ਉਨ੍ਹਾਂ ਦੀਆਂ ਫ਼ੋਟੋਆਂ ਲਈਆਂ ਜਾਣਗੀਆਂ ਅਤੇ ਹੋਰ ਜਾਣਕਾਰੀ ਵੀ ਇਕੱਠੀ ਕੀਤੀ ਜਾਵੇਗੀ। ਪਹਿਲਾਂ 79 ਸਾਲ ਤੋਂ ਵੱਧ ਉਮਰ ਦੇ ਲੋਕ ਅਤੇ 14 ਸਾਲ ਤੋਂ ਘੱਟ ਉਮਰ ਦੇ ਬੱਚੇ ਇਸ ਨਿਯਮ ਤੋਂ ਬਾਹਰ ਸਨ, ਪਰ ਹੁਣ ਉਨ੍ਹਾਂ ਦੀਆਂ ਫ਼ੋਟੋਆਂ ਵੀ ਲਈਆਂ ਜਾਣਗੀਆਂ। ਟਰੰਪ ਸਰਕਾਰ ਦਾ ਕਹਿਣਾ ਹੈ ਕਿ ਇਹ ਸਿਸਟਮ ਉਨ੍ਹਾਂ ਲੋਕਾਂ ਨੂੰ ਫ਼ੜੇਗਾ ਜੋ ਇਮੀਗ੍ਰੇਸ਼ਨ ਦੇ ਨਿਯਮ ਤੋੜਦੇ ਹਨ ਜਾਂ ਵੀਜ਼ਾ ਤੋਂ ਵੱਧ ਸਮਾਂ ਰੁਕਦੇ ਹਨ।

ਲੀਗਲ ਸੇਵਾਵਾਂ 905-913-2355
ਮਰਦਾਨਾ ਕਮਜ਼ੋਰੀ 416-992-5489
ਜਾਦੂ ਟੂਣੇ ਦੀ ਕਾਟ 1-604-961-6635
ਵਕੀਲ ਦੀ ਲੋੜ ? 905-362-0755
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
12 Beds, 7 Baths For 24 Guests 905-965-4644
ਮਰਦਾਨਾ ਕਮਜ਼ੋਰੀ 416-992-5489
ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
Security Cameras CCTV Live Monitoring 647-863-9232
ਇੰਡੀਅਨ ਵੀਜ਼ਾ OCI & Passport Renewal 514-389-7070